## ਦਫਤਰ ਸੰਯੁਕਤ ਰਜਿਸਟਰਾਰ,ਸਹਿਕਾਰੀ ਸਭਾਵਾਂ,ਪਟਿਆਲਾ ਮੰਡਲ,ਪਟਿਆਲਾ।

ਉਪ ਰਜਿਸਟਰਾਰ,
ਸਹਿਕਾਰੀ ਸਭਾਵਾਂ, ਸੰਗਰੂਰ।
ਨੰ.ਅਮ-2/ਸਰਪ/ ਮਿਤੀ/

ਵਿਸ਼ਾ:- ਦੀ ਬੱਲਮਗੜ੍ਹ ਬਹੁਮੰਤਵੀ ਸਹਿਕਾਰੀ ਸਭਾ ਲਿਮ: ਬੱਲਮਗੜ੍ਹ ਵਿਚ ਸੇਵਾਦਾਰ ਕਮ ਚੌਕੀਦਾਰ ਰੱਖਣ ਦੀ ਪ੍ਰਵਾਨਗੀ ਦੇਣ ਸਬੰਧੀ।

ਹਵਾਲਾ ਆਪ ਦੇ ਦਫਤਰ ਦਾ ਪੱਤਰ ਨੰ: ਅਮਲਾ2/422 ਮਿਤੀ 30.6.2020

ਜੀਓ,

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਰਾਹੀ ਆਪ ਵਲੋਂ ਭੇਜੀ ਗਈ ਸਿਫਾਰਸ਼ ਨੂੰ ਮੁੱਖ ਰੱਖਕੇ, ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਜੀ ਵਲੋਂ ਜਾਰੀ ਪੱਤਰ ਨੰ: ਰਸਸ/ ਰਿਣ-2 /6601 ਮਿਤੀ 14/8/2014 ਅਤੇ ਰਸਸ/ਰਿਣ/ਸੀ.ਡੀ.ਏ 4/173 ਮਿਤੀ 9.6.2020 ਵਿਚ ਦਰਜ ਆਦੇਸ਼ਾਂ ਤਹਿਤ, ਸਭਾ ਵਿੱਚ ਦਰਜਾ-4 ਕਰਮਚਾਰੀ ਨਾ ਹੋਣ ਕਾਰਨ, ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ਦੇ ਸੇਵਾ ਨਿਯਮ 1997 ਵਿੱਚ ਕੀਤੀ ਵਿਵਸਥਾ ਅਤੇ ਸਮੇਂ-ਸਮੇਂ ਸਿਰ ਹੋਈਆਂ ਸੋਧਾਂ ਅਨੁਸਾਰ, ਸਭਾ ਦੇ ਕੰਮ ਦੇ ਹਿੱਤ ਨੂੰ ਮੁੱਖ ਰੱਖਦੇ ਹੋਏ, ਦੀ ਬੱਲਮਗੜ੍ਹ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ: ਬੱਲਮਗੜ੍ਹ ਵਿਚ ਕੰਟਰੈਕਟ ਬੇਸਿਜ ਤੇ ਡੀ.ਸੀ. ਰੇਟਾਂ ਤੇ ਸੇਵਾਦਾਰ ਕਮ ਚੌਕੀਦਾਰ ਰੱਖਣ ਦੀ ਪ੍ਰਵਾਨਗੀ ਹੇਠ ਲਿਖੀਆਂ ਸ਼ਰਤਾਂ ਤੇ ਦਿੱਤੀ ਜਾਂਦੀ ਹੈ:-

1. ਸਭਾ ਵਿਚ ਦਰਜਾ-4 ਸੇਵਾਦਾਰ ਕਮ ਚੌਕੀਦਾਰ ਕਰਮਚਾਰੀ ਆਰਜੀ ਤੌਰ ਤੇ ਰੱਖਿਆ ਜਾਵੇਗਾ। ਜੇਕਰ ਸਭਾ ਕਿਸੇ ਸਮੇਂ ਘਾਟੇ ਵਿਚ ਚਲੀ ਜਾਂਦੀ ਹੈ ਤਾਂ ਸਭਾ ਇਸ ਨਿਯੁਕਤੀ ਨੂੰ ਰੱਦ ਕਰਨ ਲਈ ਪਾਬੰਦ ਹੋਵੇਗੀ।

2. ਇਸ ਪ੍ਰਵਾਨਗੀ ਉਪਰੰਤ ਸਭਾ ਵਿੱਚ ਕੇਵਲ ਉਹ ਕਰਮਚਾਰੀ ਹੀ ਨਿਯੁਕਤ ਕੀਤਾ ਜਾਵੇਗਾ ਜੋ ਸੋਧੇ ਹੋਏ ਸਰਵਿਸ ਰੂਲਜ਼ ਅਨੁਸਾਰ ਵਿਦਿਅਕ ਯੋਗਤਾ ਪੂਰੀ ਕਰਦਾ ਹੋਵੇ।

3. ਰੂਲਾਂ ਅਨੁਸਾਰ ਸਬ ਕਮੇਟੀ ਬਣਾਈ ਜਾਵੇ ਜਿਸ ਵਿੱਚ ਸਰਕਾਰ ਦਾ ਨੁਮਾਇੰਦਾ ਹਾਜਰ ਹੋਵੇ ਅਤੇ ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਜੀ ਦੀਆਂ ਸਮੇਂ ਸਮੇਂ ਸਿਰ ਜਾਰੀ ਹਦਾਇਤਾਂ ਅਤੇ ਸਰਵਿਸ ਰੂਲਜ਼ ਅਨੁਸਾਰ ਭਰਤੀ ਕੀਤੀ ਜਾਵੇ।

4. ਦੋ ਪ੍ਰਚੱਲਤ ਅਖਬਾਰਾਂ ਵਿੱਚ ਇਸ਼ਤਿਹਾਰ ਦੇਣ ਅਤੇ ਵਿਭਾਗ ਦੀ ਵੈਬਸਾਈਟ ਤੇ ਅੱਪਲੋਡ ਕਰਨ ਸਬੰਧੀ ਮੁੱਖ ਦਫਤਰ ਦੇ ਪੱਤਰ ਰਸਸ/ਰਿਣ-2/1022-24 ਮਿਤੀ 27.1.2020।ਜੇ.ਆਰ ਦਫਤਰ ਦਾ ਪਿਠ ਅੰਕਣ ਨੰ:ਅਮ-2/ਸਰਪ/780-84 ਮਿਤੀ 30.1.2020 ਦੀ ਪਾਲਣਾ ਯਕੀਨੀ ਬਣਾਈ ਜਾਵੇ। ਉਪਰੰਤ ਯੋਗ ਉਮੀਦਵਾਰਾਂ ਵਲੋਂ ਆਈਆਂ ਦਰਖਾਸਤਾਂ ਵਿੱਚੋਂ ਮੈਰਿਟ ਦੇ ਆਧਾਰ ਤੇ ਹੀ ਚੋਣ ਕਰਨ ਸਬੰਧੀ ਕਾਰਵਾਈ ਖੇਤੀਬਾੜੀ ਸਹਿਕਾਰੀ ਸਭਾਵਾਂ ਦੇ ਸੇਵਾ ਨਿਯਮਾਂ ਅਨੁਸਾਰ ਕੀਤੀ ਜਾਵੇ।

5. ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀ ਪਾਸੋਂ ਪੱਤਰ ਨੰ: ਰਸਸ/ ਸੀ.ਡੀ.ਏ 4/173 ਮਿਤੀ 09/06/2020 ਅਤੇ ਸਮੇਂ ਸਮੇਂ ਸਿਰ ਜਾਰੀ ਹਦਾਇਤਾਂ ਅਨੁਸਾਰ ਜ਼ਮਾਨਤ ਲਈ ਜਾਣੀ ਯਕੀਨੀ ਬਣਾਈ ਜਾਵੇ।

6. ਸਭਾ ਵਿੱਚ ਨਵ-ਨਿਯੁਕਤ ਕਰਮਚਾਰੀ ਨੂੰ **Regular Grade** ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਜੀ ਵਲੋਂ ਜਾਰੀ ਪੱਤਰ ਰਸਸ/ਰਿਣ-2/6601 ਮਿਤੀ 14.8.14 ਤਹਿਤ ਉਨ੍ਹਾਂ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਨਹੀਂ ਦਿੱਤੇ ਜਾਣਗੇ।

7. ਸਭਾ ਦੀ ਆਮਦਨ ਵਧਾਉਣ ਲਈ ਵਸੂਲੀ, ਅਡਵਾਂਸਮੈਂਟ ਅਤੇ ਸਭਾ ਦੇ ਮੈਂਬਰ ਭਰਤੀ ਕਰਨ ਅਤੇ ਸਭਾ ਦਾ ਕਾਰੋਬਾਰ ਵਧਾਉਣ ਲਈ ਨਿਯਮਾਂ ਅਨੁਸਾਰ ਵਿਸ਼ੇਸ਼ ਉਪਰਾਲੇ ਕਰਦੇ ਹੋਏ ਸਭਾ ਦੀ ਵਿੱਤੀ ਹਾਲਤ ਨੂੰ ਹੋਰ ਚੰਗੇਰਾ ਬਣਾਉਣ ਲਈ ਉਪਰਾਲੇ ਕੀਤੇ ਜਾਣ।

ਉਕਤ ਤੋਂ ਇਲਾਵਾ ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹੋਈਆਂ ਹਦਾਇਤਾਂ/ ਰੂਲਾਂ/ਸੇਵਾ ਨਿਯਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ,ਪਟਿਆਲਾ ਮੰਡਲ,
ਪਟਿਆਲਾ।

ਪਿਠ ਅੰਕਣ ਨੰ.ਅਮ-2/ਸਰਪ/ 3150-52 ਮਿਤੀ/ 7-7-2020

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਾਨਯੋਗ ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ, ਚੰਡੀਗੜ੍ਹ ਨੂੰ ਉਨਾਂ ਦੇ ਪੱਤਰ ਨੰ: ਰਸਸ/ਰਿਣ/ਸੀ.ਡੀ.ਏ- 4/173 ਮਿਤੀ 9.6.2020
2. ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ, ਧੂਰੀ।
3. ਪ੍ਰਧਾਨ ਦੀ ਬੱਲਮਗੜ੍ਹ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਬੱਲਮਗੜ੍ਹ।

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ,ਪਟਿਆਲਾ ਮੰਡਲ,
ਪਟਿਆਲਾ।

Scanned with CamScanner

# ਅਸਾਮੀ ਦੀ ਲੋੜ

ਦੀ ਬੱਲਮਗੜ੍ਹ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਬੱਲਮਗੜ੍ਹ ਤਹਿਸੀਲ ਧੂਰੀ ਜ਼ਿਲ੍ਹਾ ਸੰਗਰੂਰ ਵਿੱਚ ਇਕ ਸੇਵਾਦਾਰ-ਕਮ-ਚੌਂਕੀਦਾਰ ਦੀ ਭਰਤੀ ਆਰਜ਼ੀ ਤੌਰ 'ਤੇ ਡੀ.ਸੀ.ਰੇਟ ਮੁਤਾਬਿਕ ਤਨਖ਼ਾਹ 'ਤੇ ਨਿਯੁਕਤੀ ਕੀਤੀ ਜਾਣੀ ਹੈ। ਉਮਰ '18-37 ਸਾਲ ਤੱਕ ਦੇ ਉਮੀਦਵਾਰਾਂ ਤੋਂ ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਚੰਡੀਗੜ੍ਹ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਯੋਗਤਾ ਯੋਗ ਉਮੀਦਵਾਰ ਤੋਂ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ। ਦਰਖ਼ਾਸਤਾਂ ਦੇਣ ਦੀ ਮਿਤੀ 28.8.2020 ਤੋਂ ਮਿਤੀ 4.9.2020 ਤੱਕ ਦਸਤੀ ਜਾਂ ਰਜਿਸ਼ਟਰਡ ਡਾਕ ਰਾਹੀਂ ਸਭਾ ਦੇ ਦਫਤਰ ਵਿੱਚ ਸਮਾਂ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਭੇਜੀਆਂ ਜਾ ਸਕਦੀਆਂ ਹਨ। ਬਾਅਦ ਵਿੱਚ ਪ੍ਰਾਪਤ ਹੋਈਆਂ ਦਰਖਾਸਤਾਂ 'ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਸੇਵਾਦਾਰ-ਕਮ-ਚੌਂਕੀਦਾਰ ਦੀ ਭਰਤੀ ਲਈ ਤਜਰਬਾ ਰੱਖਣ ਅਤੇ ਸਭਾ ਦੇ ਦਾਇਰਾ ਕਾਰੋਬਾਰ ਵਿੱਚ ਰਹਿਣ ਵਾਲੇ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਸ਼ਰਤਾਂ ਕਿਸੇ ਵੀ ਕੰਮ ਵਾਲੇ ਦਿਨ ਸਭਾ ਦੇ ਦਫਤਰ ਵਿੱਚ ਵੇਖੀਆਂ ਜਾ ਸਕਦੀਆਂ ਹਨ।

ਸਹੀ/-

**ਦਲਜੀਤ ਸਿੰਘ ਪ੍ਰਧਾਨ**

**ਦੀ ਬੱਲਮਗੜ੍ਹ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ. ਬੱਲਮਗੜ੍ਹ ਤਹਿਸੀਲ ਧੂਰੀ ਜ਼ਿਲ੍ਹਾ ਸੰਗਰੂਰ,**

**ਮੁਸਤਫਾ ਖਾਂ ਸਕੱਤਰ (ਮੋਬਾਇਲ ਨੰਬਰ :81465-53507)**

C K

Scanned with CamScanner

# ਅਸਾਮੀ ਦੀ ਲੋੜ

ਦੀ ਬੱਲਮਗੜ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਬੱਲਮਗੜ ਤਹਿ: ਧੂਰੀ ਜਿਲ੍ਹਾ ਸੰਗਰੂਰ ਵਿੱਚ ਇਕ ਸੇਵਾਦਾਰ-ਕਮ-ਚੌਕੀਦਾਰ ਦੀ ਭਰਤੀ ਆਰਜੀ ਤੌਰ ਤੇ ਡੀ.ਸੀ.ਰੇਟ ਮੁਤਾਬਿਕ ਤਨਖਾਹ ਤੇ ਨਿਯੁਕਤੀ ਕੀਤੀ ਜਾਣੀ ਹੈ। ਉਮਰ 18-37 ਤੱਕ ਦੇ ਉਮੀਦਵਾਰਾਂ ਤੋਂ ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਚੰਡੀਗੜ੍ਹ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਯੋਗਤਾ ਯੋਗ ਉਮੀਦਵਾਰਾਂ ਤੋਂ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ। ਦਰਖਾਸਤਾਂ ਦੇਣ ਦੀ ਮਿਤੀ 29/08/2020 ਤੋਂ ਮਿਤੀ 04/09/2020 ਤੱਕ ਦਸਤੀ ਜਾਂ ਰਜਿਸਟਰਡ ਡਾਕ ਰਾਹੀਂ ਸਭਾ ਦੇ ਦਫਤਰ ਵਿੱਚ ਸਮਾਂ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਭੇਜੀਆਂ ਜਾ ਸਕਦੀਆਂ ਹਨ। ਬਾਅਦ ਵਿੱਚ ਪ੍ਰਾਪਤ ਹੋਈਆਂ ਦਰਖਾਸਤਾਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਸੇਵਾਦਾਰ ਕਮ ਚੌਕੀਦਾਰ ਦੀ ਭਰਤੀ ਲਈ ਤਜਰਬਾ ਰੱਖਣ ਅਤੇ ਸਭਾ ਦੇ ਦਾਇਰਾ ਕਾਰੋਬਾਰ ਵਿੱਚ ਰਹਿਣ ਵਾਲੇ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਸ਼ਰਤਾਂ ਕਿਸੇ ਵੀ ਕੰਮ ਵਾਲੇ ਦਿਨ ਸਭਾ ਦੇ ਦਫਤਰ ਵਿੱਚ ਵੇਖੀਆਂ ਜਾ ਸਕਦੀਆਂ ਹਨ।

ਸਹੀ/- ਦਲਜੀਤ ਸਿੰਘ ਪ੍ਰਧਾਨ ਦੀ ਬੱਲਮਗੜ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਬੱਲਮਗੜ ਤਹਿ: ਧੂਰੀ ਜਿਲ੍ਹਾ ਸੰਗਰੂਰ, ਮੁਸਤਫਾ ਖਾਂ ਸਕੱਤਰ ਮੋਬਾਇਲ ਨੰਬਰ 8146553507

Scanned with CamScanner